# ਗ੍ਰਿਫਤਾਰੀ ਤੋਂ ਅਪੀਲ ਤੱਕ ਦੇ ਚਰਨ



## 1 ਗ੍ਰਿਫਤਾਰੀ

ਗ੍ਰਿਫਤਾਰੀ: ਜਿੱਥੇ ਵਾਜਬ ਅਧਾਰ ਮੌਜੂਦ ਹਨ ਕਿ ਤੁਸੀਂ ਕੋਈ ਅਪਰਾਧ ਕੀਤਾ ਹੈ ਜਾਂ ਤੁਸੀਂ ਅਪਰਾਧ ਕਰਨ ਵਾਲੇ ਹੋ, ਤੁਹਾਨੂੰ ਗਿਰਫਤਾਰ ਕੀਤਾ ਜਾ ਸਕਦਾ ਹੈ। ਤੁਹਾਡੀ ਗ੍ਰਿਫਤਾਰੀ ਤੋਂ ਬਾਅਦ ਤੁਹਾਨੂੰ ਥਾਣੇ ਲਿਜਾਇਆ ਜਾਵੇਗਾ। ਜ਼ਮਾਨਤੀ ਜ਼ੁਰਮ ਹੋਣ ਦੀ ਸਥਿਤੀ ਵਿਚ, ਪੁਲਿਸ ਤੁਹਾਨੂੰ ਤੁਰੰਤ ਥਾਣੇ ਤੋਂ ਜ਼ਮਾਨਤ ਦੇ ਸਕਦੀ ਹੈ।



## 2 ਪੇਸ਼ ਕਰਨਾ

ਪੇਸ਼ ਕਰਨਾ: ਤੁਹਾਡੀ ਗ੍ਰਿਫਤਾਰੀ ਦੇ 24 ਘੰਟਿਆਂ ਦੇ ਅੰਦਰ ਪੁਲਿਸ ਲਾਜ਼ਮੀ ਤੋਰ ਤੇ ਤੁਹਾਨੂੰ ਇੱਕ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰੇਗੀ। ਅਦਾਲਤ ਵਿਚ, ਪੁਲਿਸ ਜਾਂਚ ਦੇ ਕਾਗਜ ਪੇਸ਼ ਕਰੇਗੀ। ਪੁਲਿਸ ਤੁਹਾਨੂੰ ਹੋਰ ਹਿਰਾਸਤ ਵਿਚ ਰੱਖਣ ਲਈ ਬੇਨਤੀ ਕਰ ਸਕਦੀ ਹੈ ਜਦੋਂ ਕਿ ਉਹ ਆਪਣੀ ਜਾਂਚ ਜਾਰੀ ਰੱਖ ਸਕੇ । ਦਸਤਾਵੇਜ਼ਾਂ ਨੂੰ ਵੇਖਣ ਤੋਂ ਬਾਅਦ ਮੈਜਿਸਟਰੇਟ ਤੁਹਾਨੂੰ ਵਾਪਸ ਥਾਣੇ (ਪੁਲਿਸ ਹਿਰਾਸਤ), ਜਾਂ ਜੇਲ੍ਹ (ਨਿਆਂਇਕ ਹਿਰਾਸਤ) ਭੇਜ ਸਕਦਾ ਹੈ ਜਾਂ ਜ਼ਮਾਨਤ ਦੇ ਸਕਦਾ ਹੈ ਜਾਂ ਦੋਸ਼ਾਂ ਤੋਂ ਮੁਕਤ ਕਰ ਸਕਦਾ ਹੈ ਅਤੇ ਤੁਹਾਡੀ ਰਿਹਾਈ ਦਾ ਹੁਕਮ ਦੇ ਸਕਦਾ ਹੈ।

**ਪੁਲਿਸ ਹਿਰਾਸਤ**



**ਨਿਆਂਇਕ ਹਿਰਾਸਤ**



**ਜ਼ਮਾਨਤ ਜਾਂ ਦੋਸ਼ ਮੁਕਤ**





## 3 ਚਾਰਜ

ਚਾਰਜ: ਚਾਰਜ ਉਸ ਗੁਨਾਹ ਦਾ ਰਸਮੀ ਨੋਟਿਸ ਹੁੰਦਾ ਹੈ ਜੋ ਤੁਹਾਡੇ ਤੇ ਦੋਸ਼ ਲਗਾਇਆ ਜਾਂਦਾ ਹੈ । ਆਪਣੀ ਜਾਂਚ ਪੂਰੀ ਹੋਣ ਤੇ ਪੁਲਿਸ ਅਦਾਲਤ ਵਿੱਚ ਚਾਰਜਸ਼ੀਟ ਪੇਸ਼ ਕਰਦੀ ਹੈ। ਚਾਰਜਸ਼ੀਟ ਨੂੰ ਵੇਖਣ ਤੋਂ ਬਾਅਦ ਅਦਾਲਤ ਚਾਰਜ ਤੈਅ ਕਰੇਗੀ ਅਤੇ ਇਹ ਤੁਹਾਡੇ ਲਈ ਅਦਾਲਤ ਵਿਚ ਪੜ੍ਹੀ ਜਾਵੇਗੀ। ਤੁਹਾਨੂੰ ਇਹ ਫੈਸਲਾ ਕਰਨਾ ਹੋਵੇਗਾ ਕਿ ਕੀ ਤੁਸੀਂ ਚਾਰਜ ਵਿੱਚ ਤੈਅ ਕੀਤੇ ਅਪਰਾਧ ਨੂੰ ਕੀਤਾ ਹੈ ਜਾਂ ਨਹੀਂ, ਜਿਸ ਸਥਿਤੀ ਵਿੱਚ ਤੁਸੀਂ ਦੋਸ਼ ਮੰਨੋਗੇ ਜਾਂ ਨਹੀਂ ਮੰਨੋਗੇ ।

**ਦੋਸ਼ੀ ਨਹੀਂ**

**ਦੋਸ਼ੀ**

## 4 ਟ੍ਰਾਯਲ

ਟ੍ਰਾਯਲ: ਜੇ ਤੁਸੀਂ ਦੋਸ਼ੀ ਨਹੀਂ ਮੰਨਦੇ, ਤਾਂ ਕੇਸ ਦਾ ਟਰਾਇਲ ਕੀਤਾ ਜਾਂਦਾ ਹੈ । ਇੱਕ ਟ੍ਰਾਯਲ ਵਿੱਚ ਹੇਠ ਦਿੱਤੇ ਪੜਾਅ ਸ਼ਾਮਲ ਹਨ:

1 ਸੀ.ਆਰ.ਪੀ.ਸੀ. ਦੀ ਧਾਰਾ 313 ਦੇ ਅਧੀਨ ਮੁਲਜ਼ਮ ਦਾ ਬਿਆਨ ਮੌਖਿਕ ਅਤੇ ਦਸਤਾਵੇਜ਼ੀ ਸਬੂਤ

2 ਪ੍ਰੋਸੀਕਉਸ਼ਨ ਅਤੇ ਬਚਾਅ ਪੱਖ ਦੇ ਵਕੀਲਾਂ ਦੁਆਰਾ ਦਲੀਲਾਂ

3 ਨਿਰਣੇ ਦਾ ਐਲਾਨ

## 5 ਸਜਾ ਜਾਂ ਰਿਹਾਈ

ਸਜਾ ਜਾਂ ਰਿਹਾਈ: ਮੁਕੱਦਮਾ ਮੁਕੰਮਲ ਹੋਣ ਤੋਂ ਬਾਅਦ ਜਾਂ ਤਾਂ ਅਦਾਲਤ ਤੁਹਾਨੂੰ ਜੁਰਮ ਲਈ ਦੋਸ਼ੀ ਨਹੀਂ ਠਹਿਰਾਵੇਗੀ ਅਤੇ ਤੁਹਾਨੂੰ ਬਰੀ ਕਰ ਦਿੱਤਾ ਜਾਵੇਗਾ (ਆਜ਼ਾਦ ਕੀਤਾ ਜਾਂਦਾ ਹੈ ਅਤੇ ਜੇ ਜੇਲ੍ਹ ਵਿੱਚ ਹੈ ਤਾਂ ਹਿਰਾਸਤ ਵਿੱਚੋਂ ਰਿਹਾ ਕੀਤਾ ਜਾਂਦਾ ਹੈ); ਜਾਂ ਤੁਹਾਨੂੰ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਸਜ਼ਾ ਸੁਣਾਈ ਜਾਏਗੀ।



## 6 ਅਪੀਲ

ਅਪੀਲ: ਬਰੀ ਕੀਤੇ ਜਾਣ/ ਸਜ਼ਾ/ ਸਜ਼ਾ ਵਿੱਚ ਕਟੋਤੀ ਦੇ ਫੈਸਲੇ ਨਾਲ ਨਾਂਸਹਿਮਤ ਪਾਰਟੀ ਦੁਆਰਾ ਇੱਕ ਨਿਰਧਾਰਤ ਸਮੇਂ ਸੀਮਾ ਦੇ ਅੰਦਰ ਅਪੀਲ ਦਾਇਰ ਕੀਤੀ ਜਾ ਸਕਦੀ ਹੈ। ਕੋਰਟ ਦੁਆਰਾ ਅਪੀਲ ਦੀ ਸੁਣਵਾਈ ਲੰਬਿਤ ਹੋਣ ਕਾਰਣ ਤੁਹਾਨੂੰ ਸਜ਼ਾ ਦੀ ਮੁਅੱਤਲੀ ਦਿੱਤੀ ਜਾ ਸਕਦੀ ਹੈ ।

**ਸਜ਼ਾ ਦੀ ਮੁਅੱਤਲੀ**